# ਭੂਮਿਕਾ




ਪ੍ਰਮਾਣ, ਪ੍ਰਵ੍ਰਿਤੀ, ਚਿੱਤ, ਅਨਾਹਤ ਨਾਦ, ਸੰਪਰਗਿਆਤ ਸਮਾਧੀ ਤੇ ਅਸੰਪਰਗਿਆਤ ਸਮਾਧੀ ਬਾਰੇ ਵੀਚਾਰ ਮੈਂ ਕਈ ਵਾਰ ਜਿਗਿਆਸੂਆਂ ਨਾਲ ਸਾਂਝੇ ਕੀਤੇ ਹਨ, ਪਰ ਕਦੇ ਵੀ ਇਨ੍ਹਾਂ ਨੂੰ ਲਿਖਤੀ ਰੂਪ ਨਹੀਂ ਦਿੱਤਾ ਗਿਆ ਸੀ। ਫਿਰ, ਲੋੜ ਮਹਿਸੂਸ ਹੋਈ ਕਿ ਇਸ ਨੂੰ ਲਿਖਤੀ ਰੂਪ ਵਿੱਚ ਵੀ ਸਾਂਭ ਲਿਆ ਜਾਏ, ਤਾਂ ਕਿ ਹੋਰ ਜਿਗਿਆਸੂ ਵੀ ਇਸ ਤੋਂ ਲਾਭ ਲੈ ਸਕਣ । ਇਹ ਈ-ਬੁੱਕ (E-BOOK) ਮੇਰੇ ਵੱਲੋਂ ਇਨ੍ਹਾਂ ਵਿਸ਼ਿਆਂ ਬਾਰੇ ਅਲੱਗ-ਅਲੱਗ ਸਮੇਂ ਕੀਤੀਆਂ ਗਈਆਂ ਕੁੱਝ ਵੀਚਾਰਾਂ ਦਾ ਹੀ ਲਿੱਖਤੀ ਰੂਪ ਹੈ।

ਇਸ ਪੁਸਤਕ ਵਿੱਚ ਦਿੱਤੇ ਗਏ ਵੀਚਾਰ ਕਿਸੇ ਵਿਸ਼ੇਸ਼ ਸੰਪਰਦਾਇਕ ਨਜ਼ਰੀਏ ਤੋਂ ਪੇਸ਼ ਨਹੀਂ ਕੀਤੇ ਗਏ। ਪਰਮਾਤਮਾ ਬਾਰੇ ਕੁੱਝ ਜਾਣਨ ਲਈ ਯਤਨਸ਼ੀਲ ਜਿਗਿਆਸੂ ਭਾਂਵੇਂ ਵੱਖ-ਵੱਖ ਸੰਪਰਦਾਵਾਂ ਨਾਲ ਸੰਬੰਧਿਤ ਹੋ ਸਕਦੇ ਹਨ, ਪਰ ਖੁਦ ਪਰਮਾਤਮਾ ਨੂੰ ਕਿਸੇ ਇੱਕ ਸੰਪਰਦਾਇ ਤਕ ਹੀ ਸੀਮਿਤ ਕੀਤਾ ਜਾਣਾ ਸੰਭਵ ਨਹੀਂ ।

ਸਾਂਖਯ ਵਿੱਚ ਬੁੱਧੀ ਤੇ ਅਸਮਿਤਾ ਨੂੰ ਇੱਕ ਹੀ ਮੰਨਿਆ ਗਿਆ ਹੈ। ਇਸ ਪੁਸਤਕ ਵਿੱਚ ਬੁੱਧੀ ਨੂੰ ਖ਼ਾਸ ਅਰਥਾਂ ਵਿੱਚ ਵਰਤ ਕੇ ਅਸਮਿਤਾ ਤੋਂ ਵੱਖਰਾ ਦਰਜ ਕੀਤਾ ਗਿਆ ਹੈ। ਇਸੇ ਤਰ੍ਹਾਂ, ਸੰਪਰਗਿਆਤ ਸਮਾਧੀ ਦੇ ਮੁੱਖ ਭੇਦ ਜ਼ਿਆਦਾ ਵੀ ਕੀਤੇ ਜਾ ਸਕਦੇ ਹਨ, ਪਰ ਇਸ ਪੁਸਤਕ ਵਿੱਚ ਸੰਪਰਗਿਆਤ ਸਮਾਧੀ ਦੇ ਮੁੱਖ ਚਾਰ ਭੇਦ ਹੀ ਕੀਤੇ ਗਏ ਹਨ। ਵਿਵੇਕ ਖਿਆਤੀ ਇਨ੍ਹਾਂ ਚਾਰਾਂ ਤੋਂ ਵੱਖਰੀ ਵਰਣਿਤ ਕੀਤੀ ਗਈ ਹੈ, ਹਾਲਾਂਕਿ ਮੂਲ ਰੂਪ ਵਿੱਚ ਉਹ ਵੀ ਸੰਪਰਗਿਆਤ ਸਮਾਧੀ ਹੀ ਹੈ। ਸੁੰਨ ਸਮਾਧੀ ਚੌਥਾ ਪਦ ਹੈ ਤੇ ਇਹ ਹੀ ਅਸੰਪਰਗਿਆਤ ਸਮਾਧੀ ਜਾਂ ਨਿਰਬੀਜ ਸਮਾਧੀ ਹੈ, ਪਰ ਸਹਜ ਸਮਾਧੀ ਨੂੰ ਵੀ ਮੈਂ ਚੌਥਾ ਪਦ ਹੀ ਮੰਨਿਆ ਹੈ, ਭਾਂਵੇਂ ਕਿ ਸੁੰਨ ਸਮਾਧੀ ਤੇ ਸਹਜ ਸਮਾਧੀ ਦਾ ਵੱਖ-ਵੱਖ ਵਰਣਨ ਵੀ ਕੀਤਾ ਹੈ। ਚਿੱਤ ਦੀਆਂ ਅਵਸਥਾਵਾਂ ਵਿੱਚੋਂ ਨੀਂਦ ਤੇ ਸੁਪਨੇ ਬਾਰੇ ਵਿਸਥਾਰ ਨਾਲ ਚਰਚਾ ਨਹੀਂ ਕੀਤੀ ਗਈ, ਕਿਉਂਕਿ ਆਮ ਲੋਕ ਇਨ੍ਹਾਂ ਬਾਰੇ ਕਾਫ਼ੀ ਕੁੱਝ ਜਾਣਦੇ ਹੀ ਹਨ। ਪ੍ਰਮਾਣਾਂ ਬਾਰੇ ਜਾਣਕਾਰੀ ਇਸ ਵੀਚਾਰ ਨਾਲ ਵਿਸਥਾਰ ਵਿੱਚ ਦੇ ਦਿੱਤੀ ਗਈ ਹੈ ਕਿ ਭਵਿੱਖ ਵਿੱਚ ਮੇਰੇ ਵੱਲੋਂ ਲਿਖੇ ਜਾਣ ਵਾਲੇ ਹੋਰ ਲੇਖਾਂ ਆਦਿ ਨੂੰ ਸਮਝਣ ਵਿੱਚ ਇਹ ਸਹਾਇਕ ਹੋ ਸਕੇਗੀ। ਚਿੱਤ ਬਾਰੇ ਵਿਸਥਾਰ ਨਾਲ ਜਾਣਕਾਰੀ ਇਸ ਲਈ ਦਿੱਤੀ ਗਈ ਹੈ, ਕਿਉਂਕਿ ਇਹ 'ਸਮਾਧੀ' ਦੇ ਵਿਸ਼ੇ ਨੂੰ ਸਮਝਣ ਲਈ ਜ਼ਰੂਰੀ ਹੈ।

ਦੇਖਣ ਵਿੱਚ ਆਇਆ ਹੈ ਕਿ ਵਿਵੇਕ ਖਿਆਤੀ ਦੀ ਇੱਕ ਹੀ ਅਵਸਥਾ ਦਾ ਜ਼ਿਕਰ ਕੀਤਾ ਜਾਂਦਾ ਹੈ। ਇਸ ਪੁਸਤਕ ਵਿੱਚ ਵੀ ਮੈਂ ਵਿਵੇਕ ਖਿਆਤੀ ਦੀ ਪ੍ਰਚੱਲਿਤ ਇੱਕ ਹੀ ਅਵਸਥਾ ਦਾ ਜ਼ਿਕਰ ਕੀਤਾ ਹੈ। ਨਿਜੀ ਰੂਪ ਵਿੱਚ ਮੈਂ ਵਿਵੇਕ ਖਿਆਤੀ ਦੀਆਂ ਦੋ ਅਵਸਥਾਵਾਂ ਮੰਨਦਾ ਹਾਂ। ਭਵਿੱਖ ਵਿੱਚ ਕਦੇ ਇਸ ਬਾਰੇ ਵੀਚਾਰ ਸਾਂਝੇ ਕਰਾਂਗਾ ।

ਮੇਰੀ ਕੋਸ਼ਿਸ਼ ਇਹ ਹੀ ਰਹੀ ਹੈ ਕਿ ਪੁਸਤਕ ਦਾ ਆਕਾਰ ਵੱਡਾ ਨਾ ਹੋ ਜਾਏ। ਅਜਿਹਾ ਕਰਦਿਆਂ ਕਈ ਵਿਸ਼ਿਆਂ ਬਾਰੇ ਵੀਚਾਰ ਸੰਖੇਪ ਵਿੱਚ ਹੀ ਕੀਤੀ ਗਈ ਹੈ। ਲੋੜ ਹੋਈ, ਤਾਂ ਉਨ੍ਹਾਂ ਬਾਰੇ ਹੋਰ ਜਾਣਕਾਰੀ ਭਵਿੱਖ ਵਿੱਚ ਸਾਂਝੀ ਕੀਤੀ ਜਾ ਸਕਦੀ ਹੈ।

'**ਸਮਾਧੀ ਬਾਰੇ**' ਇਹ ਈ-ਬੁੱਕ, '**ਗੁਹਜ ਕਥਾ**' ਲੜੀ ਦੀ ਪਹਿਲੀ ਪੇਸ਼ਕਸ਼ ਹੈ। ਪ੍ਰਭੂ ਦੀ ਇੱਛਾ ਹੋਈ, ਤਾਂ ਇਸ ਲੜੀ ਵਿੱਚ ਹੋਰ ਲਿਖਤਾਂ ਵੀ ਪਾਠਕਾਂ ਨਾਲ ਸਾਂਝੀਆਂ ਕੀਤੀਆਂ ਜਾਣਗੀਆਂ।

> ਗੁਹਜ ਕਥਾ ਇਹ ਗੁਰ ਤੇ ਜਾਣੀ ॥ ਨਾਨਕੁ ਬੋਲੈ ਹਰਿ ਹਰਿ ਬਾਣੀ ॥੪॥੬॥੧੨॥
> (੭੩੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਸਮਾਧੀ ਬਾਰੇ ਇੰਨ-ਬਿੰਨ ਤੇ ਸੰਪੂਰਣ ਜ਼ਿਕਰ ਕਰਨਾ ਅਸੰਭਵ ਹੈ। ਸਮਾਧੀ ਅਤੇ ਸਮਾਧੀ ਤੋਂ ਪ੍ਰਗਟ ਹੋਣ ਵਾਲਾ ਗਿਆਨ ਕਿਸੇ ਵੀ ਤਰ੍ਹਾਂ ਲਫ਼ਜ਼ਾਂ ਵਿੱਚ ਇੰਨ-ਬਿੰਨ ਬਿਆਨ ਨਹੀਂ ਕੀਤਾ ਜਾ ਸਕਦਾ। ਜਿਨ੍ਹਾਂ ਨੇ ਇਹ ਪ੍ਰਾਪਤ ਕਰ ਲਿਆ, ਉਨ੍ਹਾਂ ਨੂੰ ਇਸ ਬਾਰੇ ਦੱਸਣ ਦੀ ਲੋੜ ਹੀ ਨਹੀਂ ਹੈ। ਜੋ ਇਹ ਪ੍ਰਾਪਤ ਨਹੀਂ ਕਰ ਸਕੇ, ਉਹ ਇਸ ਬਾਰੇ ਪੜ੍ਹ ਜਾਂ ਸੁਣ ਕੇ ਵੀ

ਨਹੀਂ ਜਾਣ ਸਕਦੇ। ਫਿਰ ਵੀ ਜੇ ਇਸ ਦਾ ਵਰਣਨ ਕੀਤਾ ਜਾਂਦਾ ਹੈ, ਤਾਂ ਸਿਰਫ਼ ਇਸ਼ਾਰਾ ਦੇਣ ਲਈ ਹੀ। ਬੁੱਧੀਮਾਨ ਥੋੜ੍ਹੇ ਜਿਹੇ ਸ਼ਬਦਾਂ ਨਾਲ ਵੀ ਕੁੱਝ ਜਾਣ ਲੈਂਦੇ ਹਨ ਤੇ ਬਾਕੀ ਵਿਅਕਤੀ ਸਾਰੀ ਉਮਰ ਇਸ ਬਾਰੇ ਪੜ੍ਹਦੇ-ਸੁਣਦੇ ਰਹਿਣ, ਤਾਂ ਵੀ ਉਹ ਨਹੀਂ ਜਾਣ ਸਕਦੇ ।

> यथातथोपदेशेन कृतार्थः सत्त्व बुद्धिमान।
> आजीवमपि जिज्ञासुः परस्तत्र विमुहयति ॥
> (१, अध्याय १५, तत्त्वोपदेश प्रकरण, अष्टावक्र गीता)।
>
> ਸੱਤਵ-ਬੁੱਧੀਮਾਨ ਥੋੜ੍ਹੇ-ਬਹੁਤ ਉਪਦੇਸ਼ ਨਾਲ ਵੀ ਕਿਰਤਾਰਥ ਹੋ ਜਾਂਦਾ ਹੈ। ਅਸੱਤਵ ਬੁੱਧੀ ਵਾਲਾ ਸਾਰੀ ਉਮਰ ਜਿਗਿਆਸੂ ਹੋਣ ਦੇ ਬਾਵਜੂਦ ਵੀ ਮੋਹਗ੍ਰਸਤ ਹੀ ਰਹਿੰਦਾ ਹੈ। (੧, ਅਧਿਆਏ ੧੫, ਤੱਤਵ ਉਪਦੇਸ਼ ਪ੍ਰਕਰਣ, ਅਸ਼ਟਾਵਕਰ ਗੀਤਾ)।

ਇਸ ਪੁਸਤਕ ਵਿੱਚ ਕਈ ਕਮੀਆਂ ਹਨ। ਅਭਿਆਸੀ-ਜਨ ਕਿਰਪਾ ਕਰਕੇ ਇਨ੍ਹਾਂ ਕਮੀਆਂ ਲਈ ਮੈਨੂੰ ਖਿਮਾ ਕਰਨ। ਕਿਸੇ ਇੱਕ ਜਿਗਿਆਸੂ ਲਈ ਵੀ ਇਹ ਪੁਸਤਕ ਮਦਦਗਾਰ ਬਣ ਸਕੇ, ਤਾਂ ਮੈਂ ਇਸ ਨੂੰ ਵੱਡੀ ਸਫਲਤਾ ਸਮਝਾਂਗਾ ।

ਧੰਨਵਾਦ।

ਅੰਮ੍ਰਿਤ ਪਾਲ ਸਿੰਘ 'ਅੰਮ੍ਰਿਤ'
AmritWorld.com
ਜੂਨ ੧, ੨੦੧੪

--0--